ANGEL'S PUBLIC SCHOOL

Strive for Perfection

**SAMPLE PAPER**

**HALF YEARLY EXAMS SESSION 2021 – 22**

**CLASS – IX CODE – 004**

**TIME: 3 HRS** **SUBJECT: PUNJABI** **M.M:80**

ਨੋਟ - ਸਾਰੇ ਪ੍ਰਸ਼ਨ ਜ਼ਰੂਰੀ ਹਨ ।
ਲਿਖਾਈ ਸਾਫ਼ - ਸੁਥਰੀ ਕਰੋ ।

**ਭਾਗ - ੳ**

**ਪੜਨ ਕੌਸ਼ਲ (ਅਣਡਿੱਠਾ ਪੈਰਾ)**

(1) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋ ਸਹੀ ਉੱਤਰ ਦਿਓ :- (5x1=5)

*ਚਿਤਰਕਲਾ ਵਿੱਚ ਪਹਾੜੀ ਕਲਮ ਹੀ ਸਭ ਤੋਂ ਵੱਧ ਨਿੱਖਰੀ ਤੇ ਵਿਗਸੀ ਹੈ, ਖ਼ਾਸ ਤੌਰ 'ਤੇ ਕਾਂਗੜਾ ਕਲਮ ਦੇ ਚਿੱਤਰ। ਕਾਂਗੜਾ ਇੱਕ ਤਾਂ ਪੰਜਾਬ ਦੀਆਂ ਉੱਪਰ-ਥਲੀਆਂ ਤੋਂ ਬਚਿਆ ਰਿਹਾ ਤੇ ਇੱਥੇ ਕਲਾ ਦੇ ਸਿਰਜਣ ਤੇ ਵਿਗਾਸਣ ਦੇ ਸਾਰੇ ਅਵਸਰ ਪ੍ਰਾਪਤ ਰਹੇ। ਦੂਜਾ, ਇੱਥੋਂ ਦੇ ਕੁਦਰਤੀ ਦ੍ਰਿਸ਼ ਲੋਕ-ਕਲਾਕਾਰਾਂ ਦੀਆਂ ਭਾਵਨਾਵਾਂ ਨੂੰ ਹਲੂਣਦੇ ਰਹੇ। ਪਹਾੜੀ ਸਕੂਲ ਦੀਆਂ ਪ੍ਰਮੁੱਖ ਕਲਾ-ਕਿਰਤੀਆਂ ਵਿੱਚ ਕ੍ਰਿਸ਼ਨ-ਲੀਲ੍ਹਾ ਤੇ ਰਾਗ-ਮਾਲਾ ਦੇ ਚਿੱਤਰ ਮਿਲਦੇ ਹਨ। ਹਰ ਰਾਗ ਨੂੰ ਅਕਾਰ ਤੇ ਰੰਗਾਂ ਦੁਆਰਾ ਚਿਤਰਿਆ ਗਿਆ ਹੈ, ਜੋ ਆਪਣੀ ਕਿਸਮ ਦੀ ਅਨੋਖੀ ਚੀਜ਼ ਬਣੀ ਹੈ। ਰਾਗ ਜੀਵਨ ਨਾਲ ਇੱਕ ਰਸ ਹੋਏ ਲੱਗਦੇ ਹਨ ਤੇ ਹਰ ਰਾਗ ਆਪਣੇ ਨਿਵੇਕਲੇ ਰੰਗ ਤੇ ਪ੍ਰਤਿਭਾ ਵਿੱਚ ਪ੍ਰਕਾਸ਼ਮਾਨ ਹੋਇਆ ਹੈ।*

**ਪ੍ਰਸ਼ਨ 1. ਪਹਾੜੀ ਚਿਤਰਕਲਾ ਵਿੱਚ ਕਿੱਥੋਂ ਦੀ ਚਿਤਰਕਲਾ ਵਧੇਰੇ ਪ੍ਰਫੁਲਤ ਹੋਈ ਹੈ?**

(ੳ) ਕੁੱਲੂ ਦੀ ☐ (ਅ) ਮਨਾਲੀ ਦੀ ☐
(ੲ) ਕਾਂਗੜੇ ਦੀ ☐ (ਸ) ਮਸੂਰੀ ਦੀ ☐

**ਪ੍ਰਸ਼ਨ 2. ਕਾਂਗੜੇ ਦੇ ਦ੍ਰਿਸ਼ਾਂ ਦੀ ਕੀ ਮਹਾਨਤਾ ਰਹੀ ਹੈ?**

(ੳ) ਕਲਾਕਾਰਾਂ ਦੇ ਮਨ ਨੂੰ ਮੋਂਹਦੇ ਹਨ ☐
(ਅ) ਆਪਣੇ ਵੱਲ ਖਿੱਚਦੇ ਹਨ ☐
(ੲ) ਕੁਦਰਤ ਨਾਲ ਜੋੜਦੇ ਹਨ ☐
(ਸ) ਕਲਾਕਾਰਾਂ ਦੀਆਂ ਭਾਵਨਾਵਾਂ ਨੂੰ ਹਲੂਣਦੇ ਹਨ ☐

**ਪ੍ਰਸ਼ਨ 3. ਪਹਾੜੀ ਚਿਤਰਕਲਾ ਵਿੱਚ ਹਰ ਰਾਗ ਨੂੰ ਕਿਸ ਤਰ੍ਹਾਂ ਚਿਤਰਿਆ ਗਿਆ ਹੈ?**

(ੳ) ਰੰਗਾਂ ਦੁਆਰਾ ☐ (ਅ) ਫੁੱਲਾਂ ਦੁਆਰਾ ☐
(ੲ) ਸੰਗੀਤਕ ਸਾਜਾਂ ਦੁਆਰਾ ☐ (ਸ) ਨ੍ਰਿਤ ਦੁਆਰਾ ☐

**ਪ੍ਰਸ਼ਨ 4. ਪਹਾੜੀ ਚਿਤਰਕਲਾ ਦੀਆਂ ਪ੍ਰਮੁੱਖ ਕਲਾ-ਕਿਰਤੀਆਂ ਕਿਹੜੀਆਂ ਹਨ?**

(ੳ) ਰਾਮ-ਲੀਲ੍ਹਾ ☐ (ਅ) ਫੁੱਲਾਂ ਦੀ ਮਾਲਾ ☐
(ੲ) ਸ਼ਾਮ-ਲੀਲ੍ਹਾ ☐ (ਸ) ਕ੍ਰਿਸ਼ਨ-ਲੀਲ੍ਹਾ ਤੇ ਰਾਸ-ਲੀਲ੍ਹਾ ☐

**ਪ੍ਰਸ਼ਨ 5. ਇਸ ਪੈਰੇ ਦਾ ਸਿਰਲੇਖ ਲਿਖੋ।**

(ੳ) ਪਹਾੜੀ ਸਕੂਲ ☐ (ਅ) ਪਹਾੜੀ ਚਿਤਰਕਲਾ ☐
(ੲ) ਕੁਦਰਤ ਦਾ ਵਰਨਣ ☐ (ਸ) ਰਾਗ ਜੀਵਨ ☐

**(2) ਹੇਠ ਲਿਖੇ ਕਾਵਿ - ਕੁਟੜੀ ਨੂੰ ਪੜੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋ ਸਹੀ ਉੱਤਰ ਦਿਓ :-** **(5x1=5)**

ਅਲੜ੍ਹ-ਬਲੁੜ ਬਾਵੇ ਦਾ,
ਬਾਵਾ ਕਣਕ ਲਿਆਵੇਗਾ।
ਬਾਵੀ ਬਹਿ ਕੇ ਛੱਟੇਗੀ,
ਮਾਂ ਪੂਣੀਆਂ ਵੱਟੇਗੀ।
ਬਾਵੀ ਮੰਨ ਪਕਾਵੇਗੀ,
ਬਾਵਾ ਬੈਠਾ ਖਾਵੇਗਾ।

**ਪ੍ਰਸ਼ਨ 1. ਬਾਵਾ ਕੀ ਲੈ ਕੇ ਆਵੇਗਾ?**

(ੳ) ਝੋਨਾ ☐ (ਅ) ਬਾਜਰਾ ☐

(ੲ) ਕਣਕ ☐ (ਸ) ਮੱਕੀ ☐

**ਪ੍ਰਸ਼ਨ 2. ਬਾਵੀ ਬੈਠ ਕੇ ਕੀ ਛੱਟੇਗੀ?**

(ੳ) ਚਾਵਲ ☐ (ਅ) ਦਾਲ਼ ☐

(ੲ) ਕਣਕ ☐ (ਸ) ਛੋਲੇ ☐

**ਪ੍ਰਸ਼ਨ 3. ਮਾਂ ਕੀ ਕਰੇਗੀ?**

(ੳ) ਰੋਟੀ ਪਕਾਵੇਗੀ ☐ (ਅ) ਪੂਣੀਆਂ ਵੱਟੇਗੀ ☐

(ੲ) ਲੋਰੀ ਸੁਣਾਵੇਗੀ ☐ (ਸ) ਖਿਡਾਵੇਗੀ ☐

**ਪ੍ਰਸ਼ਨ 4. ਮੰਨ ਕੌਣ ਪਕਾਵੇਗਾ?**

(ੳ) ਮਾਂ ☐ (ਅ) ਬਾਵੀ ☐

(ੲ) ਦਾਦੀ ☐ (ਸ) ਨਾਨੀ ☐

**ਪ੍ਰਸ਼ਨ 5. ਮੰਨ ਕੌਣ ਖਾਏਗਾ?**

(ੳ) ਬਾਵਾ ☐ (ਅ) ਪੋਤਰਾ ☐

(ੲ) ਪੁੱਤਰ ☐ (ਸ) ਭਰਾ ☐

**3. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਐਤ ਹੇਠਾਂ ਦਿੱਤੇ ਵਿਕਲਪਾਂ ਵਿੱਚੋ ਸਹੀ ਉਤਰ ਦਿਓ :-** **(5x1=5)**

ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ਼ ਲੱਗਦਾ ਹੋਣ ਕਰਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਲ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਦੂਰ-ਦੂਰ ਤੱਕ ਇਹ ਮੇਲਾ ਇੰਨਾ ਮਸ਼ਹੂਰ ਹੈ ਕਿ ਇਹ ਟੋਟਕਾ ਆਪਮੁਹਾਰੇ ਹੀ ਲੋਕਾਂ ਦੀ ਜ਼ੁਬਾਨ ਵਿੱਚੋਂ ਫੁੱਟ ਪੈਂਦਾ ਹੈ: "ਦਾਲ਼ ਮਾਂਹਾਂ ਦੀ, ਛਿੰਝ ਛਰਾਹਾਂ ਦੀ।"

(i) ਪੰਜਾਬੀ ਕਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਹਨ ?

(ੳ) ਗੁੱਸੇ ਖੋਰ ☐ (ਅ) ਸਖ਼ਤ ☐ (ੲ) ਖੁੱਲ੍ਹੇ-ਡੁੱਲ੍ਹੇ ☐ (ਸ) ਹੱਸਮੁਖ ☐

(ii) ਵੱਡੇ ਮੇਲੇ ਪੰਜਾਬ ਦੇ ਕਿਹੜੇ ਇਲਾਕਿਆਂ ਵਿੱਚ ਲੱਗਦੇ ਹਨ ?

(ੳ) ਘੁੱਗ ਵਸਦੇ ☐ (ਅ) ਪੇਂਡੂ ☐ (ੲ) ਸ਼ਹਿਰੀ ☐ (ਸ) ਪਹਾੜੀ ☐

(iii) 'ਛਿੰਝ ਛਰਾਹਾਂ ਦੀ' ਸਦੀਆਂ ਪੁਰਾਣਾ ਮੇਲਾ ਕਿਹੜੇ ਪਹਾੜੀ ਇਲਾਕੇ ਨਾਲ ਸੰਬੰਧਿਤ ਹੈ ?

(ੳ) ਉੱਚੇ ਪਹਾੜੀ ☐ (ਅ) ਪਛੜੇ ਨੀਮ-ਪਹਾੜੀ ☐

(ੲ) ਠੰਢੇ ਪਹਾੜੀ ☐ (ਸ) ਨੀਵੇਂ ਪਹਾੜੀ ☐

(iv) ਬੀਤ ਦਾ ਇਲਾਕਾ ਕਿਹੜੀਆਂ ਪਹਾੜੀਆਂ ਦੀ ਗੋਦ ਵਿੱਚ ਵੱਸਿਆ ਹੋਇਆ ਹੈ ?

(ੳ) ਸ਼ਿਵਾਲਿਕ ☐ (ਅ) ਨੀਵੀਆਂ ☐

(ੲ) ਉੱਚੀਆਂ ☐ (ਸ) ਨੀਮ-ਪਹਾੜੀਆਂ ☐

(v) 'ਛਿੰਝ ਛਰਾਹਾਂ ਦੀ' ਦਾ ਮੇਲਾ ਕਿਸ ਮਹੀਨੇ ਦੇ ਜੇਠੇ ਐਤਵਾਰ ਤੋਂ ਸ਼ੁਰੂ ਹੁੰਦਾ ਹੈ ?

(ੳ) ਜੇਠ ☐ (ਅ) ਮੱਘਰ ☐ (ੲ) ਪੋਹ ☐ (ਸ) ਮਾਘ ☐

**4. ਹੇਠ ਲਿਖੇ ਕਾਵਿ - ਕੁਟੜੀ ਨੂੰ ਪੜੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋ ਸਹੀ ਉੱਤਰ ਦਿਓ :-** **(5x1=5)**

"ਦਸਮ ਗੁਰੂ ਨੂੰ ਲੱਗੀ ਪਿਆਸ
ਸੇਵਾਦਾਰ ਨਹੀਂ ਸੀ ਪਾਸ
ਸਤਿਗੁਰੂ ਉੱਚੀ ਅਵਾਜ਼ ਲਗਾਈ
ਜਲ ਛਕਾਉਣਾ ਸਾਨੂੰ ਭਾਈ
ਗੱਭਰੂ ਇੱਕ ਬੈਠਾ ਸੀ ਨੇੜੇ
ਹੋਰ ਨਾ ਕੋਈ ਨੇੜੇ-ਤੇੜੇ
ਸਤਿਗੁਰੂ ਦੀ ਉਹ ਸੁਣ ਕੇ ਗੱਲ
ਤੁਰਿਆ ਉੱਠ ਕੇ ਪਾਣੀ ਵੱਲ
ਪਾਣੀ ਦਾ ਛੰਨਾ ਭਰ ਲਿਆਇਆ
ਸਤਿਗੁਰੂ ਨੂੰ ਆਣ ਫੜਾਇਆ।"

(i) ਇਸ ਕਾਵਿ-ਟੁਕੜੀ ਵਿੱਚ ਕਿਸ ਨੂੰ ਪਿਆਸ ਲੱਗਣ ਦੀ ਗੱਲ ਕੀਤੀ ਗਈ ਹੈ ?

(ੳ) ਦਸਮ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ☐

(ਅ) ਸੇਵਾਦਾਰ ਨੂੰ ☐

(ੲ) ਗੁਰੂ ਨੂੰ ☐ (ਸ) ਸਤਿਗੁਰੂ ਜੀ ਨੂੰ ☐

(ii) ਗੁਰੂ ਜੀ ਦੇ ਆਸ ਪਾਸ ਕੌਣ ਨਹੀਂ ਸੀ ?

(ੳ) ਸੇਵਾਦਾਰ ☐ (ਅ) ਸੇਵਾਦਾਰਨੀ ☐

(ੲ) ਭਾਈ ☐ (ਸ) ਗੱਭਰੂ ☐

(iii) ਗੁਰੂ ਜੀ ਦੇ ਕੋਲ ਕੌਣ ਬੈਠਿਆ ਹੋਇਆ ਸੀ ?

(ੳ) ਭਾਈ ☐ (ਅ) ਗੱਭਰੂ ☐ (ੲ) ਬੱਚਾ ☐ (ਸ) ਸਤਿਗੁਰੂ ☐

(iv) ਗੱਭਰੂ ਨੇ ਗੁਰੂ ਜੀ ਨੂੰ ਪਾਣੀ ਕਿਸ ਵਿੱਚ ਦਿੱਤਾ ?

(ੳ) ਗਿਲਾਸ ਵਿੱਚ ☐ (ਅ) ਛੰਨੇ ਵਿੱਚ ☐

(ੲ) ਗੜਵੀ ਵਿੱਚ ☐ (ਸ) ਬੁੱਕ ਦੇ ਵਿੱਚ ☐

(v) ਦਸਮ ਗੁਰੂ ਤੋਂ ਕੀ ਭਾਵ ਹੈ ?

(ੳ) ਦਸਵੇਂ ਗੁਰੂ ☐ (ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ☐

(ੲ) ਦਸ ਗੁਰੂ ☐ (ਸ) ਇਹਨਾਂ ਵਿੱਚੋਂ ਕੋਈ ਨਹੀਂ ☐

# ਵਿਆਕਰਨ

**(5) ਵਿਰੋਧੀ ਸ਼ਬਦਾ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ ।** **(5x1=5)**

(1) ਕਸਿਆ ਦਾ ਵਿਰੋਧੀ ਸ਼ਬਦ ਹੈ

(ੳ) ਢਿੱਲਾ (ਅ) ਚਾਨਣ (ੲ) ਪੱਕਾ (ਸ) ਵਾ

(2) ਸ਼ਕਲ ਦਾ ਵਿਰੋਧੀ ਸ਼ਬਦ ਹੈ

(ੳ) ਜੰਗਲੀ (ਅ) ਸਵੇਰਾ (ੲ) ਬਦਸਕਲ (ਸ) ਕੁਸੰਗਤ

(3) ਸਹੀ ਵਿਰੋਧੀ ਸ਼ਬਦ ਚੁਣੋ

(ੳ) ਹਮਾਇਤ / ਵਿਰੋਧ (ਅ) ਹਮਾਇਤ/ ਜਿੱਤ (ੲ) ਹਮਾਇਤ / ਗੈਰ ਹਾਜ਼ਰ (ਸ) ਹਮਾਇਤ/ਨਰਕ

(4) ਸਹੀ ਵਿਰੋਧੀ ਸ਼ਬਦ ਚੁਣੋ

(ੳ) ਸੋਕਾ / ਖੁਸ਼ੀ (ਅ) ਸੋਕਾ / ਪੁੱਠਾ (ੲ) ਸੋਕਾ / ਹੜ (ਸ) ਸੋਕਾ / ਗਰਮੀ

(5) ਕਾਰੀਗਰ ਦਾ ਵਿਰੋਧੀ ਸ਼ਬਦ ਹੈ

(ੳ) ਅਨਾੜੀ (ਅ) ਦੁਰਾਚਾਰ (ੲ) ਸ਼ਾਂਤੀ (ਸ) ਇਨਾਮ

**(6) ਲਿੰਗ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ ।** **(5x1=5)**

(1) ਬੱਦਲ ਦਾ ਲਿੰਗ ਬਦਲੋ ਹੈ :-

(ੳ) ਪਹਾੜੀ (ਅ) ਬੱਦਲੀ (ੲ) ਖ਼ਾਲੀ (ਸ) ਚਰਖੀ

(2) ਹੇਠ ਲਿਖਿਆਂ ਵਿਚੋਂ ਇਸਤਰੀ ਲਿੰਗ ਸ਼ਬਦ ਚੁਣੋ :-

(ੳ) ਦਾਸ, ਨੌਕਰ (ਅ) ਬਾਜ਼ੀਗਰ, ਫਕੀਰ (ੲ) ਖੁਰਪਾ, ਚਰਖਾ (ਸ) ਕਬੂਤਰੀ, ਪੁੱਤਰੀ

(3) ਭਗਤਣੀ ਦਾ ਪੁਲਿੰਗ ਹੈ

(ੳ) ਕੁੜਮ (ਅ) ਚਾਚਾ (ੲ) ਭਗਤ (ਸ) ਦਰਜ਼ੀ

(4) ਜੋਗੀ ਦਾ ਇਸਤਰੀ ਲਿੰਗ ਸ਼ਬਦ ਚੁਣੋ :-

(ੳ) ਤੇਲਣ (ਅ) ਜੋਗਣ (ੲ) ਲੁਟੇਰਨ (ਸ) ਚੋਰਨੀ

(5) ਮਾਸਟਰ ਦਾ ਇਸਤਰੀ ਲਿੰਗ ਸ਼ਬਦ ਚੁਣੋ :-

(ੳ) ਢੋਲਕੀ (ਅ) ਮਾਸਟਰਾਣੀ (ੲ) ਗੁਜਰੀ (ਸ) ਪੁੱਤਰੀ

**(7) ਅਸ਼ੁੱਧ - ਸ਼ੁੱਧ ਸ਼ਬਦਾਂ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ ।** **(5x1=5)**

(1) ਕੁਮਿਆਰ ਦਾ ਸ਼ੁੱਧ ਰੂਪ ਹੈ

(ੳ) ਘੁੰਮਿ ਆਰ (ਅ) ਘੁਮਿਘਾਰ (ੲ) ਘੁਮਿਆਰੀ (ਸ) ਗੁਮਿਆਰ

**(2)** ਬਰਖਾ, ਵਰਖਾ ਵਿੱਚੋਂ ਸ਼ੁੱਧ ਰੂਪ ਕਿਹੜਾ ਹੈ

(ੳ) ਵਰਖਾ (ਅ) ਬਰਖਾ (ੲ) ਦੋਨੇਂ ਠੀਕ (ਸ) ਕੋਈ ਵੀ ਨਹੀਂ

**(3)** ਮਾਂ ਬੱਚੇ ਨੂੰ _____ ਕਰਦੀ ਹੈ ।

(ੳ) ਪਿਆਰ (ਅ) ਪਯਾਰ (ੲ) ਪਿਯਾਰ (ਸ) ਪੀਅਆਰ

**(4)** ਮੈ _____ ਵੇਲੇ ਚਲਾ ਜਾਵਾਂਗਾ ।

(ੳ) ਦੋਪੈਹਰ (ਅ) ਦੁਪਹਿਰ (ੲ) ਦਪੈਰ (ਸ) ਦੁਪਹੀਰ

**(5)** ਮੈ _____ ਵਿੱਚ ਨੌਕਰੀ ਕਰਦਾ ਹਾਂ ।

(ੳ) ਵਿਦਿਆਲਯ (ਅ) ਵਿਦਿਆਲਾ (ੲ) ਵਿਦਿਆਲ (ਸ) ਵਿਦਿਆਲਿਆ

## ਪਾਠ ਪੁਸਤਕਾਂ ਤੇ ਅਧਾਰਿਤ ਬਹੁ - ਵਿਕਲਪੀ ਪ੍ਰਸ਼ਨ

**(8) ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣੋ :-** **(6x1=6)**

**(ੳ)** ਜੁਗਲ ਪ੍ਰਸਾਦ ਦੀ ਕਿੰਨੀ ਤਨਖਾਹ ਸੀ ?
(1) ਦੋ ਰੁਪਏ (2) ਪੰਜ ਰੁਪਏ (3) ਚਾਰ ਰੁਪਏ (4) ਦਸ ਰੁਪਏ

**(ਅ)** ਦੁਨਿਆ ਵਿਚ ਕਿਸ ਬੀਮਾਰੀ ਦਾ ਇਲਾਜ ਨਹੀਂ ?
(1) ਵਹਿਮ ਦਾ (2) ਸਵਾਰਥ ਦਾ (3) ਆਲਸ ਦਾ (4) ਕੋਈ ਵੀ ਨਹੀਂ

**(ੲ)** ਛਿੰਝ ਵਿਚ ਕੌਣ ਗੱਜ ਰਹੇ ਸਨ ?
(1) ਦੌੜਾਕ (2) ਪਹਿਲਵਾਨ (3) ਖਿਡਾਰੀ (4) ਇਹ ਸਾਰੇ

**(ਸ)** ਰਾਮ ਪਿਆਰੀ ਸਾਧੂਆਂ ਅੱਗੇ ਖਾਣ ਲਈ ਕੀ ਰੱਖਦੀ ਹੈ ।
(1) ਰੋਟੀ (2) ਪੂੜੀਆਂ (3) ਫਲ (4) ਸਮੋਸੇ

**(ਹ)** ਜਨਮ ਦਿਨ ਕਹਾਣੀ ਦਾ ਅੰਤ ਕਿਹੋ ਜਿਹਾ ਸੀ ?
(1) ਦੁਖ ਭਰਿਆ (2) ਸੁੱਖ ਭਰਿਆ (3) ਹਾਸੇ ਭਰਿਆ (4) ਵਿਅੰਗ ਭਰਿਆ

**(ਕ)** ਕੁੱਤੇ ਦੇ ਦੰਦ ਮਾਰਨ ਤੇ ਤਾਇਆ ਮਨਸਾ ਰਾਮ ਨੇ ਕਿੰਨੇ ਟੀਕੇ ਲਗਾਏ ?
(1) ਚੌਦਾਂ (2) ਦਸ (3) ਪੰਜ (4) ਤਿੰਨ

## ਭਾਗ - ਅ (ਵਰਨਣਾਤਮਕ ਪ੍ਰਸ਼ਨ)

**(੯) ਹੇਠ ਲਿਖੇ ਪੈਰੇ ਨੂੰ ਪੜਕੇ ਪ੍ਰਸ਼ਨਾਂ ਦੇ ਉੱਤਰ ਦਿਓ:-** **(5x1=5)**

*ਦੂਰ-ਦੂਰ ਥਾਓਂ ਵਣਜਾਰੇ ਆਏ ਨੇ,*
*ਸੋਹਣੇ ਸੋਹਣੇ ਕੂੰਜਾਂ ਤੇ ਫ਼ੀਤੇ ਲਿਆਏ ਨੇ।*
*ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,*
*ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ।*
*ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ ਨੇ,*
*ਸੈਂਕੜੇ ਸੁਗਾਤਾਂ ਨਾਲ਼ੇ ਹੋਰ ਆਈਆਂ ਨੇ।*
*ਹੱਟੀ-ਹੱਟੀ ਸ਼ੌਕੀਆਂ ਦੀ ਭੀੜ ਖਲੀ ਏ,*
*ਚੱਲ ਨੀ ਪਰੇਮੀਏਂ! ਵਿਸਾਖੀ ਚੱਲੀਏ।*

**(ੳ)** ਕਿੰਨਾ ਦੀ ਮੰਡੀ ਲਗੀ ਹੋਈ ਹੈ ?
**(ਅ)** ਸ਼ੋਕੀਆਂ ਦੀ ਭੀੜ ਕਿੱਥੇ ਖੜੀ ਹੈ?
**(ੲ)** ਵਣਜਾਰੇ ਕੀ - ਕੁਝ ਲਿਆਏ ਹਨ ?
**(ਸ)** ਮੇਲੇ ਵਿੱਚ ਕਿੰਨਾਂ ਚੀਜ਼ਾਂ ਦਾ ਕੋਈ ਅੰਤ ਨਹੀਂ ਹੈ ?
**(ਹ)** ਵਣਜਾਰੇ ਕਿਥੋਂ ਆਏ ਹੋਏ ਹਨ ?

**(੧੦) ਹੇਠ ਲਿਖੇ ਪੈਰੇ ਨੂੰ ਪੜ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-** **(5x1=5)**

ਕਿਤਨੀਆਂ ਹੀ ਤਸਵੀਰਾਂ ਕਲਪਨਾ ਦੇ ਪਰਦੇ ਉੱਤੇ ਅਕਸ ਪਾ ਗਈਆਂ-ਕਣਕ ਦੇ ਹਰੇ-ਭਰੇ ਖੇਤ, ਜਿਨ੍ਹਾਂ ਵਿੱਚ ਲੁਕਣਮੀਟੀ ਖੇਡਦੇ ਸਾਂ, ਜਿਨ੍ਹਾਂ ਦੇ ਬੂਟੇ ਤੋੜ ਕੇ ਤੂਤਣੀਆਂ ਬਣਾਂਦੇ ਸਾਂ, ਸਿੱਟੇ ਤੋੜ ਕੇ ਸ਼ਰਾਰਤ ਨਾਲ਼ ਰਾਹ ਲੰਘਦਿਆਂ ਦੀਆਂ ਸਲਵਾਰਾਂ ਦੇ ਪੌਂਹਚਿਆਂ ਵਿੱਚ ਘੁਸੇੜ ਸੁੱਟਦੇ ਸਾਂ। ਖੂਹਾਂ ਦੇ ਪਾਣੀ, ਖੇਤਾਂ ਵਿੱਚ ਸੱਜਰੀਆਂ ਪੁੱਟੀਆਂ ਮੂਲੀਆਂ ਤੇ ਗਾਜਰਾਂ..... ਉਸ ਜ਼ਮਾਨੇ ਤੋਂ ਬਾਅਦ ਕਦੇ ਵੀ ਤਾਂ ਮੈਂ ਫੇਰ ਪੇਂਡੂ ਜੀਵਨ ਦਾ ਸਵਾਦ ਨਹੀਂ ਮਾਣਿਆ।

ਲਾਗਲੀ ਸੀਟ ਉੱਤੇ ਇੱਕ ਬੁੱਢੜੀ ਸੁਆਣੀ ਆਪਣੇ ਪੁੱਤਰ ਨੂੰ ਨਾਲ਼ ਲੈ ਕੇ ਆ ਬੈਠੀ। ਮੈਨੂੰ ਜਾਪਿਆ ਜਿਵੇਂ ਮੇਰੀ ਆਪਣੀ ਮਾਂ ਆ ਬੈਠੀ ਹੋਵੇ। ਉਹੋ ਪਹਿਰਾਵਾ, ਉਹੋ ਬੋਲੀ, ਮੇਰੇ ਆਪਣੇ ....... ਬਿਲਕੁਲ ਆਪਦੇ ਲੋਕ....... ਕੀ ਦੱਸਾਂ, ਮੇਰੇ ਮਨ ਦੀ ਕੀ ਦਸ਼ਾ ਹੋ ਗਈ।

ਬੱਸ ਭੁਲੋਵਾਲ ਦੇ ਅੱਡੇ ਉੱਤੇ ਆ ਰੁਕੀ। ਮੈਨੂੰ ਨਹੀਂ ਸੀ ਪਤਾ ਕਿ ਭੁਲੋਵਾਲ ਭੇਰੇ ਤੋਂ ਕੁੱਲ ਦਸ-ਬਾਰਾਂ ਮੀਲ ਦੀ ਵਾਟ ਉੱਤੇ ਹੈ। ਡਰਾਈਵਰ ਨੇ ਦੱਸਿਆ, ਬੱਸ ਇੱਥੇ ਪੌਣਾ ਘੰਟਾ ਖਲੋਤੀ ਰਹੇਗੀ। ਕੁੱਲ ਤਿੰਨ ਘੰਟੇ ਤਾਂ ਰਹਿ ਗਏ ਸਨ ਮੇਰੇ ਕੋਲ ਭੇਰਾ ਦੇਖਣ ਲਈ। ਉਸ ਵਿੱਚੋਂ ਪੌਣਾ ਘੰਟਾ ਇੱਥੇ ਜ਼ਾਇਆ ਹੋ ਜਾਏਗਾ।

**(ੳ)** ਲੇਖਕ ਦੀਆਂ ਅੱਖਾਂ ਅੱਗੇ ਕਿਹੜੀਆਂ ਤਸਵੀਰਾਂ ਘੁੰਮਣ ਲੱਗੀਆ ?

**(ਅ)** ਲਾਗਲੀ ਸੀਟ ਉੱਤੇ ਕੌਣ ਆ ਕੇ ਬੈਠੀ ਸੀ ?

**(ੲ)** ਬੱਸ ਨੇ ਅੱਡੇ ਤੇ ਕਿੰਨਾ ਚਿਰ ਖੜੇ ਹੋਣਾ ਸੀ ?

**(ਸ)** ਲੇਖਕ ਕਿੰਨੀ ਦੇਰ ਲਈ ਭੇਰੇ ਗਿਆ ਸੀ ?

**(ਹ)** ਭੁਲੋਵਾਲ ਭੇਰੇ ਤੋਂ ਕਿੰਨੀ ਦੂਰ ਸੀ ?

**(11) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20 - 25 ਸ਼ਬਦਾਂ ਵਿੱਚ ਦੱਸੋ ।** **(7x2=14)**

**(ੳ)** ਹੋਰ ਹਰ ਬਿਮਾਰੀ ਦਾ ਇਲਾਜ ਹੈ, ਪਰ ਵਹਿਮ ਕੌਣ ਹਟਾਏ ? ''ਸਪੱਸ਼ਟ ਕਰੋ ।

**(ਅ)** ਬਲਰਾਜ ਸਾਹਨੀ ਭੇਰੇ ਕਿਉਂ ਗਿਆ ?

**(ੲ)** ਤਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ ?

**(ਸ)** ਕੀ ਸਮੇਂ ਨੂੰ ਰੋਕਿਆ ਜਾ ਸਕਦਾ ਹੈ ?

**(ਹ)** ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੰਚ ਦਾਖਲ ਕਿਉਂ ਕਰਵਾਉਣਾ ਚਾਹੁੰਦਾ ਸੀ ।

**(ਕ)** ਤਾਇਆ ਕਿਹੜੇ ਵਹਿਮ ਕਰਦਾ ਸੀ ?

**(ਖ)** ਸਮਾਂ ਕਵਿਤਾ ਸਾਨੂੰ ਕੀ ਸੰਦੇਸ ਦਿੰਦੀ ਹੈ ।

**(12) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਦਾ ਉੱਤਰ 40 - 50 ਸ਼ਬਦਾਂ ਵਿਚ ਦਿਓ ।**

ਸਮਾਂ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । (5)

**ਜਾਂ**

ਸਾਨੂੰ ਆਪਣੇ ਜੀਵਨ ਵਿਚ ਸਫ਼ਲ ਹੋਣ ਲਈ ਕੀ ਕਰਨਾ ਚਾਹੀਦਾ ਹੈ ?

**(13) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇਕ ਦਾ ਉੱਤਰ 40 - 50 ਸ਼ਬਦਾਂ ਵਿਚ ਦਿਓ -** (5)

'ਅੱਜ ਉਸ ਮੰਤਰੀ ਦਾ ਜਨਮਦਿਨ ਨਹੀਂ ਮੇਰਾ ਜਨਮ ਦਿਨ ਏ' ਜੁਗਲ ਪ੍ਰਸ਼ਾਦ ਨੇ ਇਹ ਗੱਲ ਕਿਉਂ ਕਹੀ ?

**ਜਾਂ**

'ਮੁੜ ਵੇਖਿਆ ਪਿੰਡ' ਦਾ ਸਾਰ ਲਿਖੋ ।

**(14) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇੱਕ ਦਾ ਉਤਰ 40 - 50 ਸ਼ਬਦਾਂ ਵਿਚ ਦਿਓ -** (5)

'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ ।

**ਜਾਂ**

'ਵਹਿਮੀ ਤਾਇਆ' ਪਾਠ ਲਿਖਣ ਲਈ ਲੇਖਕ ਦਾ ਕੀ ਉਦੇਸ਼ ਹੈ ?